# ਮਜ਼ਹਬੀ ਤਅੱਸੁਬ

**ਭਾਗ-1**

**ਹਉਮੈ** ਦੇ ਪ੍ਰਭਾਵ ਵਿਚ ਅਸੀਂ ਆਪਣੇ ਮਨ ਨੂੰ, ਧਰਮ ਦੇ ਮਗਰ ਲਾਉਣ ਦੀ **ਬਜਾਏ**, ਆਪਣੀਆਂ ਉਕਤੀਆਂ, ਜੁਗਤੀਆਂ ਅਤੇ ਸਿਆਣਪਾਂ ਨਾਲ ਧਰਮ ਦੀ ਸਹੀ ਵਿਚਾਰਧਾਰਾ ਨੂੰ ਤੋੜ-ਮਰੋੜ ਕੇ, ਆਪਣੇ ਮਨ ਦੀਆਂ ਰੁਚੀਆਂ ਅਥਵਾ ਰੰਗਤ ਅਨੁਸਾਰ 'ਘੜ' ਕੇ, ਨਿਜੀ, ਮਾਇਕੀ, ਸਮਾਜਿਕ, ਰਾਜਸੀ ਸੁਆਰਥ ਜਾਂ ਭਾਵਕ ਨਿਸਚਿਆਂ ਲਈ **ਵਰਤਦੇ ਹਾਂ** ।

ਇਸ ਤਰ੍ਹਾਂ ਸਮਾਂ ਪਾ ਕੇ ਧਰਮ ਦੇ ਅਸਲੀ ਆਤਮਿਕ ਗੁੱਝੇ 'ਭੇਦ' ਅਤੇ 'ਤੱਤ' **ਅਲੋਪ** ਹੋ ਜਾਂਦੇ ਹਨ ਜਾਂ ਭੁਲ ਜਾਂਦੇ ਹਨ ਅਤੇ ਸਾਡੇ ਪੱਲੇ ਸਿਰਫ ਧਰਮ ਦੇ ਆਪੂੰ ਘੜੇ ਹੋਏ ਫੋਕੇ ਸਿਧਾਂਤ ਅਤੇ ਵਿਚਾਰਧਾਰਾ ਹੀ ਰਹਿ ਜਾਂਦੀ ਹੈ ।

**ਫੋਕਟਿ ਧਰਮੀ ਭਰਮਿ ਭੁਲਾਵੈ ॥** (ਵਾ.ਭਾ.ਗੁ ੧/੧੮)

ਇਹ ਸਾਡੇ ਧਰਮ ਦੀ ਵਿਚਾਰਧਾਰਾ ਜਾਂ ਨਿਸਚੇ, ਹਰ ਇਕ ਦੇ ਆਪੋ-ਆਪਣੇ ਭਿੰਨ-ਭਿੰਨ ਹੋਣ ਕਰਕੇ, ਧਰਮਾਂ ਦੇ ਅੱਡ-ਅੱਡ **'ਫਿਰਕੇ'** ਬਣ ਜਾਂਦੇ ਹਨ, ਜੋ ਆਪਣੇ ਆਪ ਨੂੰ ਦੂਸਰਿਆਂ ਨਾਲੋਂ, ਚੰਗੇਰਾ ਅਤੇ ਅਸਲੀ ਹੋਣ ਦਾ ਦਾਅਵਾ ਕਰਦੇ ਹਨ ।

ਇਹਨਾਂ ਫਿਰਕਿਆਂ ਦੇ ਸਿਧਾਂਤ, ਵਿਚਾਰਧਾਰਾ, ਮਰਯਾਦਾ, ਰਸਮਾਂ, ਲਿਬਾਸ ਆਦਿ ਭਿੰਨ ਭਿੰਨ ਹੋਣ ਕਰਕੇ, ਇਹਨਾਂ ਫਿਰਕਿਆਂ ਵਿਚਕਾਰ ਆਪਸੀ ਟਕਰਾਉ, ਝਗੜਾ ਅਤੇ **'ਤਅੱਸੁਬ'** ਲਾਜ਼ਮੀ **ਹੈ** ।

ਭਾਵੇਂ ਇਹਨਾ ਫਿਰਕਿਆਂ ਦਾ ਮੁਢਲਾ ਇਸ਼ਟ ਅਤੇ ਉਪਦੇਸ਼ **ਇਕੋ ਸੋਮੇ ਤੋਂ ਹੋਵੇ**, ਤਾਂ ਭੀ ਅਸੀਂ ਆਪੋ-ਆਪਣੀ **ਸੂਖਮ** ਹਉਮੈ ਦੇ ਪ੍ਰਭਾਵ ਵਿਚ, **ਮੁੱਢਲੀ** 'ਤੱਤ ਵਿਚਾਰਧਾਰਾ', ਮਰਯਾਦਾ ਅਤੇ ਸਿਧਾਂਤ ਨੂੰ ਆਪਣੇ ਮਨ ਦੀ ਰੰਗਤ ਅਨੁਸਾਰ ਬਦਲ ਦਿੰਦੇ ਹਾਂ, ਜੋ ਕਿ **ਫਿਰਕਾ-ਪ੍ਰਸਤੀ** ਦਾ ਕਾਰਨ ਬਣ ਜਾਂਦਾ ਹੈ ।

**ਇਉਂ** ਅਸੀਂ ਹਉਮੈ ਦੇ ਭਰਮ-ਭੁਲਾਵੇ ਦੇ ਆਧਾਰ ਤੇ ਮਜ਼ਹਬ ਜਾਂ ਧਰਮ ਦੇ ਭਿੰਨ-ਭਿੰਨ ਫਿਰਕਿਆਂ ਵਿਚਕਾਰ 'ਤਅਸੁੱਬ' ਅਤੇ ਨਫ਼ਰਤ ਵਧਾ ਰਹੇ ਹਾਂ ।



# Religious Fanaticism

Part 1

Under the influence of egotism, instead of following the path of religion, with the aid of our mental acrobatics and cleverness, according to the inclination or colour of our mind, we have turned, twisted and fashioned the true ideology of religion and are using it for our personal, materialistic, societal, political self interest or beliefs.

In this way, over a period of time the real spiritual hidden 'secrets' and 'essence' disappear or get forgotten and what remains with us is just our own self-fashioned hollow dogmas and ideology.

*These all are religious hypocrites and are tossing in delusions. VBG 1/18*

As these religious ideologies or beliefs of ours tend to be our own and differ from one another, different religious factions come into being, with each one claiming theirs to be better and more authentic from the other.

As the ideology, doctrine, socio-religious code of conduct, traditions, attire etc are different, it is inevitable that confrontation, quarrels, and prejudice will exist among these factions.

Although the spiritual guide and teachings of all these factions initially originated from the same source, yet under the influence of our own subtle egotism, we tend to change the initial 'essence ideology', socio-religious code of conduct, and doctrines according to the colouring of our mind, which then becomes the cause of factionalism.

In this way in the on the props of doubt-fallacy of egotism, we continue to increase 'fundamentalism' and hatred amongst the different religious factions.

ਨਿਜੀ ਵੈਰ-ਵਿਰੋਧ ਤਾਂ ਕੁਝ ਬੰਦਿਆਂ ਤਕ ਹੀ **ਸੀਮਤ** ਹੁੰਦਾ ਹੈ, ਪਰ **'ਮਜ਼ਹਬੀ ਤਅੱਸੁਬ'** ਅਥਵਾ **ਧਾਰਮਿਕ ਕਟੜਤਾ** ਦੇ ਭਾਂਬੜ ਤਾਂ ਕੌਮਾਂ, ਮੁਲਕਾਂ ਅਤੇ ਵਿਸ਼ਵ ਨੂੰ ਆਪਣੀ **ਲਪੇਟ** ਵਿਚ ਲੈ ਆਉਂਦੇ ਹਨ ।

ਨਿਜੀ ਈਰਖਾ-ਦਵੈਤ ਤਾਂ ਸਮਾਂ ਪਾ ਕੇ, ਕਿਸੇ ਤਰ੍ਹਾਂ ਬਦਲ ਜਾਂਦੀ ਹੈ ਜਾਂ ਮੱਠੀ ਪੈ ਸਕਦੀ ਹੈ, ਪਰ **ਮਜ਼ਹਬੀ ਤਅੱਸੁਬ ਦੀ** ਅਗਨੀ ਤਾਂ ਨਸਲਾਂ, ਕੌਮਾਂ, ਦੇਸ਼ਾਂ ਦੇ ਰਗੋ-ਰੇਸ਼ੇ ਵਿਚ ਧੱਸ-ਵੱਸ-ਰਸ ਜਾਂਦੀ ਹੈ । ਇਹ 'ਅਗਨੀ' ਜਵਾਲਾਮੁਖੀ ਵਾਂਗ ਦੁਨੀਆਂ ਦੇ ਅੰਦਰ ਕਿਸੇ ਨ ਕਿਸੇ ਸ਼ਕਲ ਵਿਚ ਮੁੜ-ਮੁੜ ਫੁਟਦੀ ਰਹਿੰਦੀ ਹੈ ।

ਇਸ ਧਾਰਮਿਕ ਤਅੱਸੁਬ ਦੇ ਅਧੀਨ ਆਦਿ ਤੋਂ ਹੀ ਭਗਤਾਂ, ਸੰਤਾਂ, ਧਰਮੀਆਂ, ਭੋਲੇ-ਭਾਲੇ ਨਿਰਦੋਸ਼ ਪ੍ਰਾਣੀਆਂ, ਇਸਤਰੀਆਂ ਅਤੇ ਬੱਚਿਆਂ ਉਤੇ **ਅਸਹਿ ਅਤੇ ਅਕਹਿ** ਤਸੀਹੇ ਜਾਂ ਜ਼ੁਲਮ ਕੀਤੇ ਗਏ ਹਨ, ਜਿਸ ਨਾਲ ਦੁਨੀਆਂ ਦੇ ਇਤਿਹਾਸ ਦੇ ਪੰਨੇ ਭਰੇ ਪਏ ਹਨ ।

ਉਹਨਾਂ ਵਿਚੋਂ ਕੁਝ ਮਿਸਾਲਾਂ ਟੂਕ ਮਾਤਰ ਹੇਠ ਦਿੱਤੀਆਂ ਜਾਂਦੀਆਂ ਹਨ—

ਭਗਤ ਪ੍ਰਹਿਲਾਦ ਨੂੰ ਉਸਦੇ ਪਿਤਾ ਹਰਨਾਖਸ਼ ਨੇ ਅਨੇਕਾਂ ਤਸੀਹੇ ਦਿਤੇ ।

ਈਸਾ ਮਸੀਹ ਨੂੰ ਸੂਲੀ ਤੇ ਚਾੜ੍ਹਿਆ ਗਿਆ ।

ਹਜ਼ਰਤ ਮੁਹੰਮਦ ਸਾਹਿਬ ਨੂੰ ਅਤਿਅੰਤ ਵੈਰ-ਵਿਰੋਧ ਕਰਕੇ ਤੰਗ ਕੀਤਾ ਗਿਆ.।

ਭਗਤ ਕਬੀਰ ਜੀ ਨੂੰ ਦਰਿਆ ਵਿਚ ਸੁਟਿਆ ਗਿਆ ।

ਭਗਤ ਨਾਮਦੇਵ ਜੀ ਨੂੰ ਜਬਰਦਸਤੀ ਮਰੀ ਹੋਈ ਗਊ ਜਿੰਦਾ ਕਰਨ ਲਈ ਮਜ਼ਬੂਰ ਕੀਤਾ ਗਿਆ ।

ਮੁਸਲਮਾਨਾਂ ਵਿਚ ਸ਼ੀਆ-ਸੁੰਨੀ ਅਤੇ ਅਹਿਮਦੀਆਂ, ਸੂਫੀਆਂ ਉਤੇ ਬੇਅੰਤ ਜ਼ੁਲਮ ਹੋਏ ਹਨ ਅਤੇ ਅਜੇ ਭੀ ਹੋ ਰਹੇ ਹਨ ।

ਈਸਾਈਆਂ ਦੇ 'ਕੈਥੋਲਿਕ' ਅਤੇ 'ਪ੍ਰੋਟੈਸਟੈਂਟ' (Catholic and Protestant) ਵਿਚਕਾਰ ਮਜ਼ਹਬੀ ਜਹਾਦ (crusades) ਵਿਚ ਬੇਅੰਤ ਖਲਕਤ ਦਾ ਖੂਨ-ਖਰਾਬਾ ਹੋਇਆ ਹੈ ਅਤੇ ਹੁਣ ਭੀ ਹੋ ਰਿਹਾ ਹੈ ।

ਗੁਰੂ ਅਰਜਨ ਦੇਵ ਜੀ ਨੂੰ ਤੱਤੀ-ਤਵੀ ਤੇ ਬੈਠਾ ਕੇ ਸ਼ਹੀਦ ਕੀਤਾ ਗਿਆ ।

ਗੁਰੂ ਤੇਗ ਬਹਾਦਰ ਜੀ ਦਾ ਸੀਸ ਕਤਲ ਕਰਕੇ ਸ਼ਹੀਦ ਕੀਤਾ ਗਿਆ ।

ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ।

ਭਾਈ ਦਿਆਲਾ ਜੀ ਨੂੰ ਤੱਤੇ ਪਾਣੀ ਵਿਚ ਉਬਾਲਿਆ ਗਿਆ ।

ਭਾਈ ਸਤੀ ਦਾਸ ਜੀ ਨੂੰ ਤੇਲ ਪਾ ਕੇ ਸਾੜਿਆ ਗਿਆ ।



Personal vendetta or feud is (generally) limited to a few people, but the flames religious fundamentalism or religious extremism tends to envelope communities, countries and the world into its fold.

Personal hatred-duality over a period of time can change or simmer down, but the fire of religious bigotry penetrates-permeates-infuses into the very fibre of races, communities and countries. This 'fire', like a volcano keeps erupting within the world in some form or other.

Under the influence of this religious fanaticism from the very beginning, devotees, saints, religiously inclined, simple innocent people, women and children were subject to unbearable and unspeakable tortures or brutality with which the pages of world history are filled.

Some extracts of these (happenings) are given below-

Bhagat Prahilad was subjected to numerous tortures by his father.

Jesus Christ was nailed to the cross.

Prophet Muhammad had to face vendetta on numerous occasions.

Bhagat Kabir was thrown into the river.

Bhagat Namdev was forced to bring back to life a dead cow.

Among the Muslims numerous brutalities have been committed between the Shia-Sunnis and Ahemedhias , Sufis and are still being committed.

Between the Catholics and Protestants enormous amount of bloodshed took place during the religious crusades and even today it is taking place.

Guru Arjan Dev Ji was made to sit on a hot place and sacrificed.

Guru Tegh Bahadur Ji was beheaded.

Bhai Mati Das was sawn alive.

Bhai Dhiala Ji was boiled alive in hot water.

Bhai Sati Das was drenched with oil and burnt alive.

L107.2

ਔਰੰਗਜ਼ੇਬ ਦੇ ਰਾਜ ਵਿਚ ਹਜ਼ਾਰਾਂ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਬਣਾਇਆ ਜਾਂਦਾ ਜਾਂ ਮਾਰ ਦਿਤਾ ਜਾਂਦਾ ਸੀ ।

ਹੋਰ ਅਨੇਕਾਂ ਸੰਤਾਂ, ਭਗਤਾਂ, ਮਹਾਂਪੁਰਸ਼ਾਂ ਅਤੇ ਨਿਰਦੋਸ਼ ਜਨਤਾ ਉਤੇ ਮਜ਼ਹਬੀ ਤਅੱਸੁਬ ਦੇ ਜਨੂਨ ਅਧੀਨ, ਅਕਹਿ ਅਤੇ ਅਸਹਿ ਤਸੀਹੇ ਦੇ ਕੇ ਜ਼ੁਲਮ ਕੀਤੇ ਗਏ ।

ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ।

ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟੇ ਗਏ ।

ਭਾਈ ਤਾਰੂ ਸਿੰਘ ਜੀ ਦੀ ਖੋਪਰੀ ਰੰਬੀਆਂ ਨਾਲ ਉਤਾਰੀ ਗਈ ।

ਮੁਗਲਾਂ ਦੇ ਰਾਜ ਵਿਚ ਹਿੰਦੂਆਂ ਉਤੇ ਅਸਹਿ ਅਤੇ ਅਕਹਿ ਜ਼ੁਲਮ ਹੁੰਦਾ ਰਿਹਾ ਹੈ ।

ਹਿੰਦੁਸਤਾਨ ਦੇ ਬਟਵਾਰੇ ਵੇਲੇ ਤੋਂ ਜੋ ਜ਼ੁਲਮ ਤੇ ਖੂਨ-ਖਰਾਬਾ ਹੁੰਦਾ ਆਇਆ ਹੈ, ਉਹ ਸਭ ਨੂੰ ਯਾਦ ਹੈ ।

ਸਿੱਖ ਜਗਤ ਵਿਚ ਭੀ ਅਨੇਕ ਸੰਪਰਦਾਵਾਂ ਵਿਚਕਾਰ 'ਸਿੱਖੀ' ਦੇ ਨਾਉਂ ਤੇ ਆਪਸ ਵਿਚ ਅਤਿਅੰਤ ਨਫ਼ਰਤ ਅਤੇ ਵੈਰ-ਵਿਰੋਧ ਹੋ ਰਿਹਾ ਹੈ ।

ਦੁਨੀਆਂ ਤੇ ਕਈ ਵਾਰੀ ਵੱਡੀਆਂ ਲੜਾਈਆਂ (World wars) ਹੋਈਆਂ, ਇਹਨਾਂ ਵਿਚ ਬੇਅੰਤ ਖੂਨ-ਖਰਾਬਾ ਹੋਇਆ ਅਤੇ ਅਸਹਿ ਜ਼ੁਲਮ ਢਾਹੇ ਗਏ ਹਨ ।

ਪਰ ਸਮੁੱਚੀ ਦੁਨੀਆਂ ਦੇ ਇਤਿਹਾਸ ਨੂੰ ਵਿਚਾਰਿਆ ਜਾਵੇ, ਤਾਂ ਪਤਾ ਲਗਦਾ ਹੈ, ਕਿ ਸਾਰੀਆਂ ਇਤਿਹਾਸਕ ਵੱਡੀਆਂ ਲੜਾਈਆਂ ਤੋਂ ਭੀ ਜ਼ਿਆਦਾ ਅਤਿਆਚਾਰ, ਤਬਾਹੀ, ਖੂਨ-ਖਰਾਬਾ **ਧਰਮ ਦੇ ਨਾਉਂ** ਤੇ ਹੋਇਆ ਹੈ ਅਤੇ ਹੁਣ ਭੀ ਸਾਡੇ ਸਾਹਮਣੇ ਕਿਤਨੇ ਅਕਹਿ ਧਾਰਮਿਕ ਜ਼ੁਲਮ ਹੋ ਰਹੇ ਹਨ ।

ਸਮੁੱਚੇ ਜਗਤ ਦੀ 'ਮਜ਼ਹਬੀ ਤਅਸੁੱਬ' ਕਾਰਨ ਵਿਗੜੀ ਹਾਲਤ ਨੂੰ, ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਇਉਂ ਦਰਸਾਇਆ ਗਿਆ ਹੈ—

ਉਠੀ ਗਿਲਾਨਿ ਜਗਤ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ ।
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ ।
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ । (ਵਾ.ਭਾ.ਗੁ. ੧/੧੭)

ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ੍ਰਮ ਉਪਾਏ ।
ਦਸ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦਿ ਕਰਾਏ ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ ।
ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ ।
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ । (ਵਾ.ਭਾ.ਗੁ.੧/੧੯)



During the reign of Aurengzeb thousands of Hindus were forced to embrace Islam or killed.

Numerous other saints, bhagats, great evolved persons, and the innocent masses faced the frenzy of religious fanaticism and suffered unbearable and unspeakable brutality.

The two younger sons on Guru Gobind Singh Ji were bricked alive.

Bhai Mani Singh had his limbs slowly cut off from their joints.

Bhai Taru Singh had his head scalped.

During the reign of the Moghuls the Hindus faced unbearable and unspeakable brutality.

Everyone knows of the brutalities and bloodshed that took place at the time of partition in Hindustan.

Within the Sikh world too under the name of 'sikhi' enormous amount of hatred and vendetta is taking place among the religious factions.

Many world wars have taken place in which massive bloodshed and unbearable brutalities took place.

But if we study the overall history of the world, it becomes clear that more tyranny, destruction, bloodshed was committed under the name of religion than what took place during the world wars and even now, before our very eyes, how many unbearable religious brutalities are taking place.

Bhai Gurdas Ji has described the whole world's defective condition brought about by 'religious fanaticism' in the verses as follows –

1 *The world gets engrossed in remorseful activities and sin and corruption prevail.*
*Different sections(castes) of society develop hatred for one another and finish themselves through squabbles as the bamboos, due to their mutual friction, producing fire burn themselves as well as others.*
*Condemnation of the knowledge starts and in the darkness of ignorance nothing remains visible.* *VBG 1/17*

2 *In view of the prevaling lassitude in the world, four varnas and four Ashrams were established.*
*Then ten orders of ascetics and twelve orders Of yogis came into being.*
*Further jangams, the wanderers, sramans and Digambrs, naked jain ascetics also started their disputations.*
*Many Categories of brahmins came into being who propounded Shastras, Vedas and Purans contradicting one another.*
*The mutual irreconcilability of the six Indian philosophies further added many hypocrisies.*
*Alchemy, tantra, mantra and miracles became everything for people.*

**ਸਾਰੇ ਧਰਮ ਜਾਂ ਮਜ਼ਹਬ —**

ਇਤਫ਼ਾਕ
ਰਵਾਦਾਰੀ
ਪਿਆਰ
ਸੇਵਾ
ਪਰਉਪਕਾਰ
ਸ਼ਾਂਤੀ
ਮਿਤਰਤਾ
ਦਇਆ
ਏਕਤਾ
ਖਿਮਾ
ਗਰੀਬੀ

ਆਦਿ **ਸਿਖਾਉਂਦੇ ਹਨ ਅਤੇ ਕੋਈ ਵੀ ਮਜ਼ਹਬ—**

ਵੈਰ-ਵਿਰੋਧ
ਨਫ਼ਰਤ
ਲੜਾਈ
ਤਅੱਸੁਬ
ਈਰਖਾ-ਦਵੈਤ
ਕ੍ਰੋਧ
ਹੰਕਾਰ
ਸਾੜਾ
ਖ਼ੂਨ ਖਰਾਬਾ
ਜ਼ੁਲਮ

**ਨਹੀਂ ਸਿਖਾਉਂਦਾ ।**

ਇਸ ਵਿਚਾਰ ਨੂੰ ਹੇਠ ਲਿਖੇ ਪ੍ਰਮਾਣ ਹੋਰ ਵੀ ਸਪਸ਼ਟ ਕਰ ਦਿੰਦੇ ਹਨ—

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ । (ਪੰਨਾ-੧੧੮੫)

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥ (ਪੰਨਾ-੧੩੮੪)



All religions or creeds teach –

mutual understanding
broad-mindedness
love
service
serving others
peace
friendship
mercy
unity
forgiveness
humility

etc. and no religion ever teaches

vendetta
hatred
fights
fanaticism
jealousy-duality
anger
pride
envy
bloodshed
cruelty.

This view is made even more lucid by the Gurbani quotations given below –

1 *Come and join together, O my Siblings of Destiny; dispel your sense of duality and let yourselves be lovingly absorbed in the Lord.* *1185*

2 *Do not utter even a single harsh word; your True Lord and Master abides in all.*
*Do not break anyone's heart; these are all priceless jewels.*
*The minds of all are like precious jewels; to harm them is not good at all.*
*If you desire your Beloved, then do not break anyone's heart.* *1384*

ਇਕ ਜਗ੍ਹਾ ਕਵੀ ਮੁਹੰਮਦ ਇਕਬਾਲ ਨੇ ਇਸ ਬਾਬਤ ਇਉਂ ਲਿਖਿਆ ਹੈ—

"ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ।"

ਪਰ, ਹੈਰਾਨੀ ਵਾਲੀ ਅਤੇ ਹਾਸੋ-ਹੀਣੀ ਗੱਲ ਹੈ, ਕਿ ਅਸੀਂ ਮਜ਼ਹਬੀ ਤੌਰ ਤੇ ਉਚੇਰੇ, ਚੰਗੇਰੇ, ਵਿਦਵਾਨ ਅਤੇ ਭਲੇ-ਭਲੇਰੇ ਅਖਵਾਉਂਦੇ ਹੋਏ ਭੀ ਇਸ **'ਤਅੱਸੁਬ ਦੀ ਅੱਗ'** ਵਿਚ ਸੜ-ਬਲ਼ ਰਹੇ ਹਾਂ।

ਮਾਇਕੀ ਈਰਖਾ-ਦਵੈਤ ਦੀ ਮਾਨਸਿਕ ਅਗਨੀ ਦਾ 'ਅਸਰ' ਤਾਂ ਸ਼ਖਸੀ ਹਿਰਦਿਆਂ ਤਕ ਸੀਮਤ ਹੈ, ਪਰ 'ਮਜ਼ਹਬੀ ਤਅੱਸੁਬ' ਦੇ ਭਾਂਬੜ ਨੇ ਤਾਂ ਕਿਸੇ ਨਾ ਕਿਸੇ ਸ਼ਕਲ ਵਿਚ—

ਭਾਈਚਾਰੇ
ਫਿਰਕਿਆਂ
ਕੌਮਾਂ
ਮੁਲਕਾਂ
ਵਿਸ਼ਵ

ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ ਅਤੇ ਇਸ ਦੀ ਕੋਈ 'ਸੀਮਾ' ਨਹੀਂ ਹੈ।

ਮਜ਼ਹਬੀ ਤਅੱਸੁਬ ਨੂੰ ਜਹਾਦ, ਕਰੂਸੇਡ (crusade) ਅਤੇ ਧਰਮ-ਯੁੱਧ ਆਦਿ ਦਾ ਨਾਉਂ ਦੇ ਕੇ, ਕਿਸੇ ਨ ਕਿਸੇ ਸ਼ਕਲ ਵਿਚ, ਭੋਲੀ ਅਤੇ ਬੇਗੁਨਾਹ ਖਲਕਤ ਉਤੇ ਜ਼ੁਲਮ ਢਾਹੇ ਜਾ ਰਹੇ ਹਨ। ਇਸ ਤਰ੍ਹਾਂ ਅਸੀਂ ਆਪਣੇ **ਮਜ਼ਹਬੀ ਜਨੂੰਨ** (fanaticism) ਦੁਆਰਾ ਸਾਰੇ ਵਿਸ਼ਵ ਵਿਚ ਤਅੱਸੁਬ ਦੇ ਭਾਂਬੜ ਮਚਾਏ ਹੋਏ ਹਨ, ਜਿਸ ਦਾ ਪ੍ਰਤੱਖ ਸਬੂਤ ਅਨੇਕਾਂ ਦੇਸ਼ਾਂ ਵਿਚ ਮਿਲਦਾ ਹੈ। ਇਸ ਮਜ਼ਹਬੀ ਤਅੱਸੁਬ ਅਤੇ 'ਧਾਰਮਿਕ ਰੰਗਤਾ' ਦੇ ਅਧੀਨ ਅਸੀਂ—

ਉਚੇਰੇ
ਚੰਗੇਰੇ
ਭਲੇ-ਭਲੇਰੇ
ਪਾਕ-ਪਵਿਤ੍ਰ
ਧਰਮ ਦੇ ਠੇਕੇਦਾਰ
ਧਾਰਮਿਕ ਆਗੂ
ਅਖੌਤੀ ਗੁਰੂ
ਜਗਤ ਗੁਰੂ
ਸ੍ਰੀ ੧੦੮
ਆਚਾਰੀਆ



In one place poet Mohd Ikbal has written this about this situation –

"Religion does not teach the nurturing of enmity amongst each other."

But the surprising and ridiculous thing is that even as we regard ourselves to be lofty, good, educated and virtuous we are still being burnt and singed in the 'fire of extremism."

While the effect of the mental fire of materialistic jealousy-duality is limited to individual hearts, but the flames of 'religious fanaticism' in one form or another have engulfed

relationships
factions
communities
countries
the world

into its clutches and there is no limit to this.

By giving the names of jihad, crusade and religious-war to 'religious fundamentalism', tyranny is being forced upon the naive and innocent masses. In this way, through religious fanaticism, we have lit the flames of tyranny in the whole world. The apparent proof of all this is found in numerous countries.

Under the influence of this religious fundamentalism and 'religious-colouring' by regarding ourselves to be

lofty
good
virtuous
pure
the standard bearers of religion
religious leaders
so called (self proclaimed) gurus
world guru
sri 108
religious scholars

L107.5

ਸੁਆਮੀ
ਜਤੀ
ਬ੍ਰਹਮਚਾਰੀ
ਸੰਨਿਆਸੀ
ਜੋਗੀ
ਗਿਆਨੀ
ਅਖੌਤੀ ਸੰਤ

ਅਖਵਾ ਕੇ, ਹੋਰਨਾਂ ਧਾਰਮਿਕ ਸ਼੍ਰੇਣੀਆਂ ਯਾ ਫ਼ਿਰਕਿਆਂ ਅਤੇ ਰੱਬੀ ਖ਼ਲਕਤ ਨੂੰ—

ਨੀਵੀਂ ਨਜ਼ਰ ਨਾਲ

ਨਫ਼ਰਤ ਨਾਲ

ਤਅੱਸੁਬ ਨਾਲ

ਦੇਖਦੇ ਹਾਂ, ਅਤੇ ਉਨ੍ਹਾਂ ਨੂੰ—

ਕਾਫ਼ਰ
ਮਲੇਛ
ਢਿੱਲੜ
ਮਨਮੁਖ
ਨਿਗੁਰਾ
ਅਛੂਤ
ਨਾਸਤਿਕ

ਆਦਿ, ਘਿਰਨਾ ਭਰੇ ਨੀਵੇਂ ਨਾਵਾਂ ਨਾਲ ਸੰਬੋਧਨ ਕਰਕੇ—

ਨਫ਼ਰਤ ਕਰਦੇ ਹਾਂ
ਫ਼ਤਵੇ ਲਾਉਂਦੇ ਹਾਂ
ਦੁਰ-ਦੁਰ ਕਰਦੇ ਹਾਂ
ਧੱਕੇ ਸ਼ਾਹੀ ਕਰਦੇ ਹਾਂ
ਜ਼ੁਲਮ ਕਰਦੇ ਹਾਂ ।

ਜਦ ਕਿ ਸਾਰੇ ਧਰਮ ਯਾ ਮਜ਼੍ਹਬ ਸਾਨੂੰ—

ਪਿਆਰ
ਸਤਿਕਾਰ
ਮੈਤ੍ਰੀ ਭਾਵ



swamis
celibates
students of spirituality
monks or clerics
Yogis
spiritual guides
so called (self proclaimed) saints

we

look down

with hatred

with spite

upon the other religious denominations or factions and the godly masses

and by labelling them with disgusting mean names (like)

kafir or infidel
barbarians
indolent
mind-orientated
guruless
untouchable
godless

etc we are –

expressing our hate
issuing religious decrees
shooing or driving them away with contempt
being aggressive
being tyrannical;

When in fact all religions or creeds teach

love
respect
friendship

ਦਇਆ
ਸਮਾਨਤਾ
ਖਿਮਾ
ਸੇਵਾ
ਪਰਉਪਕਾਰ

**ਆਦਿ ਸਿਖਾਉਂਦੇ ਹਨ।**

ਬੜੇ ਅਫਸੋਸ ਦੀ ਗੱਲ ਹੈ, ਕਿ ਇਹੋ ਜਿਹੇ ਅਕਹਿ ਅਤੇ ਅਸਹਿ ਜ਼ੁਲਮ, '**ਧਰਮ ਦੇ ਨਾਉਂ**' ਤੇ ਬੜੇ ਚਾਉ ਅਤੇ ਜੋਸ਼ ਨਾਲ ਕੀਤੇ ਜਾਂਦੇ ਹਨ ਅਤੇ ਇਸ ਨੂੰ '**ਸੁਆਬ**' **ਅਥਵਾ ਪੁੰਨ** ਸਮਝਿਆ ਜਾਂਦਾ ਹੈ।

ਏਥੇ ਹੀ ਬਸ ਨਹੀਂ ਅਸੀਂ ਆਪਣੀ ਅੰਦਰਲੀ ਮਜ਼ਹਰੀ ਤਅੱਸੁਬ ਦੀ ਅੱਗ ਨੂੰ ਧਾਰਮਿਕ ਅਸਥਾਨਾਂ ਵਿਚ ਭੀ ਨਾਲ ਲੈ ਜਾਂਦੇ ਹਾਂ। ਇਸ ਤਰ੍ਹਾਂ ਧਰਮ ਦੇ ਨਾਉਂ ਤੇ ਧਾਰਮਿਕ ਅਸਥਾਨਾਂ ਵਿਚ ਦੈਵੀ ਗੁਣਾਂ ਅਤੇ ਉਚੇ ਆਤਮਿਕ ਉਪਦੇਸ਼ਾਂ ਦੀ ਬਜਾਏ 'ਮਜ਼ਹਬੀ-ਤਅੱਸੁਬ' ਦਾ ਪ੍ਰਚਾਰ ਕਰ ਰਹੇ ਹਾਂ।

ਜਿਸ ਕਰਕੇ ਧਾਰਮਿਕ ਅਸਥਾਨਾਂ ਵਿਚ ਭੀ—

ਈਰਖਾ-ਦਵੈਤ
ਵੈਰ-ਵਿਰੋਧ
ਨਫਰਤ
ਸਾੜਾ
ਸ਼ੱਕ
ਖੁਦਗਰਜ਼ੀ
ਖਿੱਚੋ-ਤਾਣ
ਲੜਾਈਆਂ
ਹੰਕਾਰ

ਆਦਿ, ਦਾ ਬੋਲਬਾਲਾ ਅਤੇ ਵਰਤ-ਵਰਤਾਰਾ ਹੈ।

ਸਾਡੇ ਜੀਵਨ ਦੇ ਹਰ ਪੱਖ ਅਥਵਾ—

ਖਿਆਲ
ਸੋਚਣੀ
ਵਲਵਲੇ
ਭਾਵਨਾ
ਬੋਲ
ਵਰਤਾਰੇ



mercy
equality
forgiveness
service
service toward others.

It is a very sad thing that such unspeakable and unbearable cruelty is being committed under the 'name of religion' with great joy and gusto and this is being regarded as a virtue.

As if this is not enough, we are also taking our internal fire of religious fundamentalism into religious places as well. By so doing under the name of religion instead of imparting divine virtues and lofty teachings we are preaching 'religious fundamentalism'.

For this reason in places of religious worship too –

jealousy-duality
enmity-confrontation
hatred
envy
suspicion
self centeredness
tension
fights
pride

etc predominate and prevail.

Through every aspect of our life or –

thought
thinking
emotions
feelings
speech
dealings

ਦੁਆਰਾ, ਸਾਡੇ ਮਨ ਦੀ 'ਰੰਗਤ' ਜਾਂ ਸਾਡੀ ਸ਼ਖਸੀਅਤ ਦਾ ਹਰ ਛਿਨ, ਹਰ ਪਲ ਅਵੱਸ਼ ਅਤੇ ਅਣਜਾਣੇ ਹੀ ਪ੍ਰਗਟਾਵਾ ਹੋ ਰਿਹਾ ਹੈ।

ਭਾਵੇਂ ਅਸੀਂ ਕਿਤਨੀ ਹੀ ਸਿਆਣਪ ਨਾਲ ਆਪਣੀ ਰੰਗਤ ਨੂੰ ਢੱਕਣ ਜਾਂ ਛੁਪਾਉਣ ਦੀ ਕੋਸ਼ਿਸ਼ ਕਰੀਏ, ਤਾਂ ਭੀ ਸਾਡੀ ਅੰਦਰਲੀ ਮਾਨਸਿਕ 'ਰੰਗਤ' ਦੀ ਹਵਾੜ ਜਾਂ ਸੜਾਂਦ, ਕਿਸੇ ਨਾ ਕਿਸੇ ਸ਼ਕਲ ਵਿਚ ਮੱਲੋ-ਮੱਲੀ ਪ੍ਰਗਟ ਹੋ ਰਹੀ ਹੈ।

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ (ਪੰਨਾ-੪੭੪)

**ਇਸ ਤਰ੍ਹਾਂ ਸਾਡੇ ਅੰਦਰਲੇ ਅੰਤਿਸ਼ਕਰਨ ਅਥਵਾ 'ਆਪੇ' ਦੀ ਰੰਗਤ** ਦਾ ਪ੍ਰਗਟਾਵਾ ਅਤੇ ਪ੍ਰਵਿਰਤੀ, ਸਾਡੇ ਜੀਵਨ ਦੇ ਹਰ ਪੱਖ ਵਿਚ ਮੱਲੋ-ਮੱਲੀ ਉਘੜ ਕੇ ਜਾਹਰ ਹੋ ਜਾਂਦਾ ਹੈ, ਭਾਵੇਂ ਬਾਹਰੋਂ ਅਸੀਂ ਕਿਤਨੇ ਹੀ 'ਭਲੇ-ਭਲੇਰੇ' ਜਾਂ 'ਧਰਮੀ' ਬਣੇ ਫਿਰੀਏ !!

ਦੂਜੇ ਲਫਜ਼ਾਂ ਵਿਚ ਹਿਰਦੇ ਦੇ ਅੰਦਰ —

ਈਰਖਾ-ਦਵੈਤ
ਕੁਲਝਣਾ
ਘਿਰਨਾ
ਬਦਲੇ ਦੀ ਭਾਵਨਾ
ਕਾਮ
ਕ੍ਰੋਧ
ਲੋਭ
ਮੋਹ
ਹੰਕਾਰ

ਆਦਿ, ਤਅੱਸੁਬ ਦੀ 'ਰੰਗਤ' ਜਾਂ ਭਾਵਨਾਵਾਂ ਹੀ, ਸਾਡੀ ਸ਼ਖਸੀਅਤ ਦੀਆਂ ਪ੍ਰਤੀਕ ਹਨ।

ਇਸ ਤਰ੍ਹਾਂ ਇਹਨਾਂ ਅਉਗਣਾਂ ਦੀ 'ਰੰਗਤ', 'ਲਿਸ਼ਕ' ਅਥਵਾ 'ਪ੍ਰਗਟਾਵਾ' ਸਾਡੀ ਅੰਦਰਲੀ ਧਾਰਮਿਕ ਅਵਸਥਾ ਦੀ ਕਸਵੱਟੀ ਹੈ। ਜਿਸ ਦੁਆਰਾ ਅਵੱਸ਼ ਹੀ ਸਾਡੇ—

ਆਚਾਰ
ਸ਼ਖਸੀਅਤ
ਮਾਨਸਿਕ ਅਵਸਥਾ
ਧਾਰਮਿਕ ਅਵਸਥਾ
ਆਤਮਿਕ ਅਵਸਥਾ

**ਦਾ 'ਨਿਰਨਾ' ਹੋ ਸਕਦਾ ਹੈ।**

ਮੈਲੇ ਖਿਆਲਾਂ ਅਤੇ ਕਰਮਾਂ ਵਿਚ ਗ੍ਰਸੇ ਹੋਏ ਜੀਵਾਂ ਦਾ ਧਰਮ **'ਓਪਰਾ ਜਿਹਾ', 'ਦਿਖਾਵੇ ਮਾਤਰ' ਜਾਂ ਪਖੰਡ ਹੀ ਹੈ।**



every second, every moment the 'colouring' of our mind or our personality is invariably manifesting itself without our knowledge.

No matter how hard we try to cover or hide our hue or colouring with our cleverness, still the steam or stench of our internal mental 'colouring' will inevitably surface in one form or another.
(Guru Ji says)

*Whatever is in the mind, comes forth; spoken words by themselves are just wind.*
474

In this way the manifestation and expression of our internal subconsciousness or the colouring of our 'self', will inevitably surface and become apparent in every aspect of our life, although from the outside we may appear to be very 'virtuous' or 'religious'.

In other words the 'colour' or feeling of prejudice of

jealousy-duality
envy
hatred
vendetta
lust
anger
greed
attachment
pride

etc. that lies within our heart is the symbol or sign of our personality.

In this way the 'colouring', 'reflection' or 'manifestation' of these shortcomings is the test of our internal religious state or status from which our

character
personality
mental state
religious status
spiritual condition

can undoubtedly be discerned.

The religion of people engrossed in impure thoughts and deed is 'superficial', 'just a display' or (plain) hypocrisy.

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥
ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥
ਜਬ ਤੇ ਸੁਧੁ ਨਾਹੀ ਮਨੁ ਅਪਨਾ ॥ (ਪੰਨਾ-੪੮੫)

ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ ॥
ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ ॥ (ਪੰਨਾ-੧੩੭੪)

ਦੂਜੇ ਲਫ਼ਜ਼ਾਂ ਵਿਚ ਸਾਡੇ ਨਿਤ ਦੇ ਖਿਆਲ, ਕਰਮ, ਧਰਮ, ਭਾਵਨਾਵਾਂ ਆਦਿ ਹੀ, ਸਾਡੀ ਨੀਵੀਂ ਜਾਂ ਉਚੀ ਸ਼ਖ਼ਸੀਅਤ ਅਤੇ ਆਚਾਰ ਦਾ 'ਮਾਪ' ਅਥਵਾ ਪ੍ਰਤੀਕ ਹਨ ।

ਜਿੰਨਾ ਚਿਰ ਸਾਡੇ ਹਿਰਦੇ ਦੀਆਂ ਡੂੰਘਿਆਈਆਂ ਵਿਚ—

ਈਰਖਾ
ਦਵੈਤ
ਕੁਲਝਣਾ
ਧਾਰਮਿਕ ਕੱਟੜਤਾ
ਘਿਰਨਾ
ਬਦਲੇ ਦੀ ਭਾਵਨਾ
ਕਾਮ
ਕ੍ਰੋਧ
ਲੋਭ
ਮੋਹ
ਹੰਕਾਰ

ਦੀ 'ਲੇਸ-ਮਾਤਰ' ਅੰਸ਼ ਮੌਜੂਦ ਹੈ, ਉਨਾਂ ਚਿਰ ਇਸ ਅੰਦਰਲੀ ਮੈਲ ਦਾ ਪ੍ਰਗਟਾਵਾ ਹੁੰਦਾ ਰਹੇਗਾ । ਇਸ 'ਮੈਲ' ਦੇ ਗੰਧਲੇਪਨ ਅਨੁਸਾਰ ਹੀ ਸਾਡੀ ਸ਼ਖ਼ਸੀਅਤ ਬਣਦੀ ਹੈ ।

ਦੂਜੇ ਲਫ਼ਜ਼ਾਂ ਵਿਚ ਜਿਤਨੀ ਮੈਲ ਜ਼ਿਆਦਾ ਹੋਵੇਗੀ ਉਤਨਾ ਹੀ ਸਾਡਾ ਜੀਵਨ ਮਾਇਆ-ਪ੍ਰਾਇਣ ਹੋਵੇਗਾ ਅਤੇ ਨਿਰਮਲ ਜੀਵਨ ਤੋਂ ਵਾਂਝੇ ਰਹਾਂਗੇ ।

**ਇਹ ਮਾਨਸਿਕ ਮੈਲ ਹੀ ਮਾਨਸਿਕ ਅਗਨੀ ਦਾ 'ਬਾਲਣ' ਬਣਦਾ ਹੈ,** ਜੋ ਕਿ ਗੋਹੇ ਦੀ ਅੱਗ ਵਾਂਗ ਛੁਪਿਆ ਰਹਿੰਦਾ ਹੈ । ਉਤੋਂ ਤਾਂ ਕੇਵਲ ਸੁਆਹ-ਜਿਹੀ ਨਜ਼ਰ ਆਉਂਦੀ ਹੈ, ਪਰ ਹੇਠਾਂ ਅੱਗ ਧੁੱਖਦੀ ਅਥਵਾ ਸੁਲਘਦੀ ਹੁੰਦੀ ਹੈ, ਜਿਸ ਨੂੰ ਗੁਰਬਾਣੀ ਇਉਂ ਬਿਆਨ ਕਰਦੀ ਹੈ—

ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ (ਪੰਨਾ-੨੬੭)



1 *e snake sheds its skin, but does not lose its venom.*
*The heron appears to be meditating, but it is concentrating on the water.*
*Why do you practice meditation and chanting,*
*when your mind is not pure?* *485*

2 *Why does the Shaykh bother to go on pilgrimage to Mecca, if he is not content with himself?*
*Kabeer, one whose heart is not healthy and whole - how can he attain his Lord.*
*1374*

In other words our daily thoughts, actions, religion, beliefs etc. are indeed the 'measure' or representation of our low or lofty personality and character.

As long as there is even a 'suggestion' of –

jealousy
duality
disgust
religious extremism
hatred
desire for revenge
lust
anger
attachment or possessiveness
greed
ego or pride

in the depths of our heart, until then the expression of this internal impurity will continue to take place. According to the murkiness (or cloudiness) of this 'impurity' our personality is fashioned.

In other words, the greater the degree of impurity (within us) the greater will be the inclination towards materialism and (we will remain) divorced from the purity of life.

This mental impurity indeed becomes the 'fuel' of mental fire which remain hidden, like the fire within the cow dung. From the surface only the ash is apparent but within, the fire simmers or seethes. This state is described in Gurbani as follows –

3 *The fire of desire rages within; outwardly they apply ashes to their bodies.* *267*

L107.9

ਅੰਤਰਿ ਅਗਨਿ ਜਲੈ ਭੜਕਾਰੇ ।।
ਮਨਮੁਖੁ ਤਕੇ ਕੁੰਡਾ ਚਾਰੇ ।। (ਪੰਨਾ-੧੦੨੨)

ਜਿਹੋ-ਜਿਹਾ ਮਾਨਸਿਕ ਬਾਲਣ ਅਸੀਂ ਅੰਤਿਸ਼ਕਰਨ ਅੰਦਰ ਇਕੱਠਾ ਕੀਤਾ ਹੋਇਆ ਹੈ, ਉਹੋ ਜਿਹੀ ਅਗਨੀ ਦੇ ਭਾਂਬੜ ਸਾਡੇ ਅੰਦਰ ਭੜਕ ਉਠਦੇ ਹਨ ।

ਸਾਡੇ ਅੰਤਿਸ਼ਕਰਨ ਅੰਦਰ—

ਨੀਵੇਂ ਖਿਆਲਾਂ ਦਾ 'ਘਾਹ-ਫੂਸ'
ਉਪਾਧੀ ਦੀਆਂ 'ਲੱਕੜਾਂ'
ਨੀਵੀਂਆਂ ਰੁਚੀਆਂ ਦਾ 'ਪੈਟਰੋਲ'
ਵਾਸ਼ਨਾਵਾਂ ਦੀ 'ਗੈਸ'

'ਰੂਪੀ' ਭੜਕਾਊ ਬਾਲਣ ਮੌਜੂਦ ਹੈ ਅਤੇ ਸਾਡੀ ਗ੍ਰਹਿਣ ਸ਼ਕਤੀ ਅਨੁਸਾਰ ਹੀ ਸਾਡੇ ਜੀਵਨ ਤੇ ਬਾਹਰਲੀਆਂ ਚਿੰਗਿਆੜੀਆਂ ਦਾ ਅਸਰ ਹੁੰਦਾ ਹੈ । ਏਸੇ ਤਰ੍ਹਾਂ ਸਾਡੇ ਅੰਦਰ 'ਧਾਰਮਿਕ-ਈਰਖਾ' ਜਾਂ 'ਮਜ਼ਹਬੀ-ਤਅੱਸੁਬ' ਦਾ ਬਹੁਤ ਸਾਰਾ 'ਬਾਰੂਦ' ਮੌਜੂਦ ਹੈ, ਜੋ ਕਿ ਮਾੜਾ ਜਿਹਾ ਪਲੀਤਾ ਲਗਣ ਤੇ ਬੰਬ ਦੇ ਰੂਪ ਵਿਚ ਫਟ ਕੇ ਅਤਿਅੰਤ ਤਬਾਹੀ ਮਚਾਉਂਦਾ ਹੈ ।

ਏਸੇ 'ਮਜ਼ਹਬੀ-ਤਅੱਸੁਬ' ਦੇ ਅਧੀਨ ਹੀ, ਇਕ 'ਨੂਰ' ਤੋਂ ਉਪਜੇ ਹੋਏ, ਕੁਦਰਤ ਦੇ ਇਕੋ ਜਿਹੇ ਇਨਸਾਨਾਂ ਦੀਆਂ ਵੰਡੀਆਂ ਪਾ ਕੇ, ਨੀਵੀਆਂ ਜਾਤਾਂ ਉਤੇ ਨੀਵੇਂ ਭਾਈਚਾਰਕ ਵਤੀਰੇ ਅਤੇ ਜ਼ਬਰ-ਜ਼ੁਲਮ ਕੀਤੇ ਜਾਂਦੇ ਹਨ ਅਤੇ **'ਅ-ਧਰਮੀ-ਵਤੀਰੇ' ਨੂੰ ਧਰਮ ਦਾ ਚੋਲਾ ਪਹਿਨਾ ਕੇ ਜਾਇਜ਼ ਕਰਾਰ ਦੇ ਦਿੱਤਾ ਜਾਂਦਾ ਹੈ ।**

ਗੁਰਬਾਣੀ ਅਨੁਸਾਰ ਇਸ ਭਿਆਨਕ ਤਅੱਸੁਬ ਦੀ ਅੱਗ ਨੂੰ ਬੁਝਾਉਣ ਲਈ—

ਨਾਮ
ਪ੍ਰੇਮ
ਗਰੀਬੀ
ਨਿਮਰਤਾ
ਦਇਆ
ਸਮਾਨਤਾ
ਏਕਤਾ
ਸੇਵਾ
ਹਮਦਰਦੀ
ਪਰਉਪਕਾਰ
ਧੀਰਜ
ਖਿਮਾ



*The great fire of desire blazes within her.*
*The self-willed manmukh looks around in the four directions. 1022*

What ever the nature of the mental fuel that we have accumulated within the subconscious, the same kind of flames of fire erupt from within.

Within our subconscious is the presence of –

'rubbish' of base or low thoughts
the 'wood' of violence
the 'petrol' of low tendencies or inclinations
the 'gas' of sensuality

'form' of explosive fuel, and the degree of influence of external sparks (or stimulai) on our life, depends upon our adaptability. In the same way, the 'gun powder' of 'religious jealousy' or 'religious extremism' is present within us in great amount which needs only a slight spark of fire for it to explode like a bomb and cause enormous destruction.

Under the influence of this 'religious fanaticism', creating divisions among the one people of humanity, who took birth from the one (divine) 'light', demeaning social attitudes and cruelty are perpetrated upon those (banded) in the low caste. (In this way) 'irreligious-attitude' are clothed with the apparel of religion and given the guise of legitimacy.

According to Gurbani, to put out the fire of such terrible extremism –

Naam
love
meekness
humility
mercy
equality
oneness
service
compassion
serving others
forbearance
forgiveness

ਆਦਿ, ਸਾਧਨ ਦਸੇ ਗਏ ਹਨ ।

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ (ਪੰਨਾ-੧੧੮੫)

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨ ਕਛੁ ਪੋਚ ਕੁੰਭਾਰੈ ॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥ (ਪੰਨਾ-੧੩੪੯)

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ (ਪੰਨਾ-੧੩੮੧)

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖ਼ਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ ॥
ਅੱਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥ (ਅਕਾਲ ਉਸਤਤਿ ਪਾ: ੧੦)

ਜੇਕਰ ਪੈਟਰੋਲ ਅਤੇ ਗੈਸ ਦੇ ਬਾਲਣ ਨਾਲ ਇਤਨੀ ਭਿਆਨਕ ਤਬਾਹੀ ਹੋ ਸਕਦੀ ਹੈ, ਤਾਂ 'ਐਟਮ ਬੰਬ' ਦੀ ਤਬਾਹੀ ਦਾ ਅੰਦਾਜ਼ਾ ਲਾਉਣਾ ਅਤੀ ਕਠਿਨ ਹੈ ।

ਸਾਰੀ ਦੁਨੀਆਂ ਮਾਨਸਿਕ ਗਿਲਾਨੀ ਦੀ ਅਗਨੀ ਦੀ ਲਪੇਟ ਵਿਚ ਇਕ ਵੱਡਾ ਭਾਂਬੜ ਬਣਿਆ ਹੋਇਆ ਹੈ । ਤਦੇ ਹੀ ਇਸ ਨੂੰ 'ਆਤਿਸ ਦੁਨੀਆ', 'ਅਗਨ ਸੋਕ ਸਾਗਰ' ਜਾਂ 'ਪਾਵਕ-ਸਾਗਰ' ਕਿਹਾ ਗਿਆ ਹੈ । **ਪਰ ਸਾਡੇ ਮਜ਼ਹਬੀ ਤਅੱਸੁਬ** ਦੀ ਅਗਨੀ ਤਾਂ ਐਟਮ ਬੰਬ ਦੀ



etc methods or ways are given.

1 *Come and join together, O my Siblings of Destiny; dispel your sense of duality and let yourselves be lovingly absorbed in the Lord.*
*Let yourselves be joined to the Name of the Lord; become Gurmukh, spread out your mat, and sit down.* 1185

2 *First, Allah created the Light; then, by His Creative Power, He made all mortal beings.*
*From the One Light, the entire universe welled up. So who is good, and who is bad?*
*O people, O Siblings of Destiny, do not wander deluded by doubt.*
*The Creation is in the Creator, and the Creator is in the Creation, totally pervading and permeating all places.*
*The clay is the same, but the Fashioner has fashioned it in various ways.*
*There is nothing wrong with the pot of clay - there is nothing wrong with the Potter.*
*The One True Lord abides in all; by His making, everything is made.*
*Whoever realizes the Hukam of His Command, knows the One Lord. He alone is said to be the Lord's slave.*
*The Lord Allah is Unseen; He cannot be seen. The Guru has blessed me with this sweet molasses.*
*Says Kabeer, my anxiety and fear have been taken away; I see the Immaculate Lord pervading everywhere.* 1349

3 *Fareed, the Creator is in the Creation, and the Creation abides in God.*
*Whom can we call bad? There is none without Him.* 1381

4 *i The temple and the mosque are the same, there is no difference between a Hindu worship and Muslim prayer; all the human beings are the same, but the illusion is of various types.*

*ii The gods, demons, Yakshas, Gandharvas, Muslim and Hindus... all these are due to the differences of the various garbs of different countries.*

*iii The eyes are the same, the ears the same, the bodies are the same and the habits are the same, all the creation is the amalgam of earth, air, fire and water.*

*iv Allah of Muslims and Abhekh (Guiseless) of Hindus are the same, the Puranas of Hindus and the holy Quran of the Muslims depict the same reality; all have been created in the image of the same Lord and have the same formation.*
*Akaal Ustat sdg 51/86*

If such horrible destruction can take place with the burning of petrol and gas, then it is very difficult to estimate the destruction of an 'atom bomb'.

Our world, enveloped in the fire of mental grievance has become one huge conflagration or bonfire. That is why it is called the 'fiery world', the 'fiery ocean of grief', or 'fiery ocean' (in Gurbani). But the fire of our religious fundamentalism is like the atom bomb.

ਨਿਆਈਂ ਹੈ, ਜਿਸ ਦੀ ਤਬਾਹੀ ਦਾ ਅਸਰ ਬੇਅੰਤ—

ਪੁਸ਼ਤਾਂ

ਨਸਲਾਂ

ਕੌਮਾਂ

ਜਨਮਾਂ

ਤਾਈਂ ਮਾਰ ਕਰਦਾ ਹੈ ।

ਅੱਗ ਦੇ **ਭਾਂਬੜ** ਨੂੰ ਬੁਝਾਉਣ **ਲਈ ਪਾਣੀ** ਵਰਤਿਆ ਜਾਂਦਾ ਹੈ, ਪਰ ਜੇ **ਪਾਣੀ** ਨੂੰ ਹੀ ਅੱਗ ਲਗ ਜਾਏ ਤਾਂ ਇਸ ਭਿਆਨਕ ਭਾਂਬੜ ਨੂੰ ਕਿਸ ਤਰ੍ਹਾਂ ਬੁਝਾਇਆ ਜਾ ਸਕਦਾ ਹੈ ?

ਏਸੇ ਤਰ੍ਹਾਂ ਮਾਨਸਿਕ ਅਗਨੀ ਨੂੰ ਬੁਝਾਉਣ ਜਾਂ ਘੱਟ ਕਰਨ ਲਈ ਤਾਂ **'ਧਰਮ'** ਜਾਂ **'ਮਜ਼ਹਬ' ਬਣਾਏ ਗਏ ਸੀ,** ਪਰ ਜਦ **ਮਜ਼ਹਬ ਨੂੰ ਹੀ ਤਅੱਸੁਬ ਦੀ ਅੱਗ ਲਗ ਜਾਏ, ਤਾਂ ਇਸ ਨੂੰ ਕੌਣ ਬੁਝਾਏ** ?

**'ਮਜ਼ਹਬੀ ਤਅੱਸੁਬ'** ਦੀ ਅੱਗ ਸਿਰਫ਼ ਨਾਮ-ਸਿਮਰਨ, ਕੀਰਤਨ ਅਤੇ ਸਾਧ ਸੰਗਤ ਦੇ ਠੰਢੇ ਜਲ ਨਾਲ ਹੀ ਬੁਝ ਸਕਦੀ ਹੈ—

ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥
ਤੁਝੈ ਨ ਲਾਗੈ ਤਾਤਾ ਝੋਲਾ ॥ (ਪੰਨਾ-੧੭੯)

ਵਵਾ ਵੈਰੁ ਨ ਕਰੀਐ ਕਾਹੂ ॥
ਘਟ ਘਟ ਅੰਤਰਿ ਬ੍ਰਹਮ ਸਮਾਹੂ ॥...
ਵੈਰ ਵਿਰੋਧ ਮਿਟੇ ਤਿਹ ਮਨ ਤੇ ॥
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥ (ਪੰਨਾ-੨੫੯)

ਕਲਿ ਤਾਤੀ ਠਾਂਢਾ ਹਰਿ ਨਾਉ ॥ (ਪੰਨਾ-੨੮੮)

ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥ (ਪੰਨਾ-੭੫੬)

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ (ਪੰਨਾ-੮੧੯)

ਗੁਰਮੁਖਿ ਵੈਰ ਵਿਰੋਧ ਗਵਾਵੈ ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥
ਗੁਰਮੁਖਿ ਰਾਮਨਾਮੁ ਰੰਗਿ ਰਾਤਾ ॥
ਨਾਨਕ ਗੁਰਮੁਖਿ ਖਸਮੁ ਪਛਾਤਾ ॥ (ਪੰਨਾ-੯੪੨)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ-੧੨੯੧)

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥ (ਪੰਨਾ-੧੨੯੯)



The effect of this destruction takes its toll through numerous

generations

lineages

races

births.

To put out the flames of fire water is used, but if the fire itself catches fire then what can be done to douse or put off this terrible flame.

In the same way 'religion' or 'creeds' were made to put off or reduce the mental fire, but if religion itself is afflicted by the fire of extremism, then who will put it off.

The fire of 'religious fundamentalism' can only be doused or put off by Naam simran, kirtan and the cool water of sadh-sangat, the company of the holy –

1 *O my mind, hold tight to the Support of the Lord's Name.*
*The hot winds shall never even touch you.* 179

2 *WAWWA: Do not harbor hatred against anyone.*
*In each and every heart, God is contained.*
*Hatred and alienation depart from those*
*who, as Gurmukh, listen to the Kirtan of the Lord's Praises.* 259

3 *The Dark Age of Kali Yuga is so hot; the Lord's Name is soothing and cool.* 288

4 *Indecision leads to ruin; focus your attention on the One Lord.* 756

5 *The hot wind does not even touch one who is under the Protection of the Supreme Lord God.* 819

6 *The Gurmukh eliminates hate and envy.*
*The Gurmukh erases all accounting.*
*The Gurmukh is imbued with love for the Lord's Name.*
*O Nanak, the Gurmukh realizes his Lord and Master.* 942

7 *The world is on fire; the Name of the Lord is cooling and soothing.* 1261

8 *I have totally forgotten my jealousy of others,*
*since I found the Saadh Sangat, the Company of the Holy.* 1299

ਜਿਸ ਦਾ ਤੱਤ ਇਹ ਹੈ ਕਿ **ਮਜ਼ਹਬੀ ਤਅੱਸੁਬ** ਦੀ ਅਗਨੀ ਸਿਰਫ ਨਾਮ ਨਾਲ ਹੀ ਬੁਝਾਈ ਜਾ ਸਕਦੀ ਹੈ, ਪਰ ਬੜੇ ਅਫਸੋਸ ਦੀ ਗੱਲ ਹੈ ਕਿ ਸਾਨੂੰ **'ਨਾਮ'** ਦੀ ਬਾਬਤ ਕੋਈ ਸੋਝੀ ਯਾ ਅਨੁਭਵ ਹੀ ਨਹੀਂ। ਇਸ ਕਰਕੇ ਮਾਨਸਿਕ ਗਿਲਾਨੀ ਦੇ ਨਾਲ-ਨਾਲ **'ਮਜ਼ਹਬੀ-ਤਅੱਸੁਬ'** ਦੀ ਅਗਨੀ ਭੀ ਵਧਦੀ ਜਾ ਰਹੀ ਹੈ।

ਬੜੇ ਦੁਖ ਦੀ ਗੱਲ ਹੈ, ਕਿ ਇਹ ਮਜ਼ਹਬੀ—

ਰੋਸੇ-ਗਿਲੇ
ਧੱਕੇ-ਸ਼ਾਹੀ
ਨਫਰਤ ਦਾ ਜ਼ਹਿਰ
ਮਾਰ-ਧਾੜ
ਖੂਨ-ਖਰਾਬਾ
ਜ਼ੁਲਮ

ਆਮ ਜਨਤਾ ਉਤੇ **'ਧਰਮ ਦੇ ਨਾਉਂ' ਤੇ ਕੀਤੇ ਜਾਂਦੇ ਹਨ। ਐਸੀ ਧਾਰਮਿਕ ਕਟੜਤਾ ਦੇ ਜੋਸ਼ ਵਿਚ—**

ਸਿਆਣੇ
ਵਿਦਵਾਨ
ਭਲੇ-ਭਲੇਰੇ
ਸਿਆਸੀ ਆਗੂ
ਧਰਮ ਦੇ ਠੇਕੇਦਾਰ
ਅਖੌਤੀ ਸਾਧ-ਸੰਤ

ਭੀ, ਬੜੇ ਚਾਉ ਅਤੇ ਜੋਸ਼ ਨਾਲ ਹਿੱਸਾ ਪਾਉਣ ਵਿਚ **'ਫ਼ਖਰ' ਸਮਝਦੇ ਹਨ।** ਇਸ ਤੋਂ ਭੀ ਦੁਖਦਾਈ ਅਤੇ ਘਿਰਨਾ ਯੋਗ ਗੱਲ ਇਹ ਹੈ, ਕਿ ਨਿਰਦੋਸ਼, ਮਾਸੂਮ, ਨਿਹੱਥੇ ਮਨੁੱਖਾਂ ਉਤੇ, ਇਸ ਤਰ੍ਹਾਂ ਦੇ ਅਕਹਿ ਅਤੇ ਅਸਹਿ ਜ਼ੁਲਮ ਨੂੰ **'ਧਾਰਮਿਕ ਪ੍ਰਵਾਨਗੀ'** ਦਿਤੀ ਜਾਂਦੀ ਹੈ, ਜੋ ਕਿ ਧਾਰਮਿਕ ਨਾਅਰਾ ਬਣ ਜਾਂਦਾ ਹੈ। ਧਾਰਮਿਕ ਤਅੱਸੁਬ ਦੇ ਜੋਸ਼ ਵਿਚ ਕੀਤੇ ਗਏ ਨਿਰਦਈ ਤੇ ਕਠੋਰ ਜ਼ੁਲਮ ਤੇ ਕੁਕਰਮਾਂ ਉਤੇ **ਧਾਰਮਿਕ 'ਠੱਪਾ' ਲਾਉਣਾ ਮਹਾਂ ਪਾਪ ਹੈ** ਅਤੇ ਧਰਮ ਦੀ ਨਿਖੇਧੀ ਤੇ ਨਿਰਾਦਰੀ ਹੈ।

ਐਸੇ ਕੁਕਰਮ ਇਨਸਾਨੀਅਤ ਦੇ ਦ੍ਰਿਸ਼ਟੀਕੋਣ ਤੋਂ ਭੀ ਨਾਜਾਇਜ਼ ਅਤੇ ਪਾਪ ਮੰਨੇ ਜਾਂਦੇ ਹਨ।

ਏਸੇ ਤਰ੍ਹਾਂ **'ਧਾਰਮਿਕ ਤਅੱਸੁਬ'** ਦੇ ਜੋਸ਼ ਵਿਚ ਪਾਪ ਕਮਾਉਣ ਵਾਲਿਆਂ ਨੂੰ 'ਧਰਮੀ' ਕਹਿਣਾ ਨਾਵਾਜਿਬ ਹੈ।

ਪਰ ਅਫਸੋਸ ਦੀ ਗੱਲ ਹੈ, ਕਿ ਇਨ੍ਹਾਂ ਕਠੋਰ, ਤਅੱਸੁਬੀ 'ਅਧਰਮੀ ਕਰਮਾਂ' ਨੂੰ ਨਿੰਦਣ ਦੀ



The essence of this (discussion) is that the fire of religious fundamentalism can only be doused or put off with NAAM, but the sad thing is that we have no understanding or intuitional realisation about Naam. That is why together with mental degradation, the fire of 'religious fundamentalism' is also on the increase.

It is most distressing to note that this religious

grievance
aggressiveness
poison of hatred
plunder
bloodshed
brutality

is directed towards ordinary people in the 'name of religion'. In the fervour of such religious extremism –

the wise
the learned
the virtuous
political leaders
contractors of religion
the so called holy men or sants

too participate with joy and zest and take pride in so doing. What is even more distressing and disgusting is that 'religious sanction' is extended to (acts of) such unspeakable and unbearable brutality against the guiltless, innocent, unarmed people which then become a slogan (of war-cry). **It is a great sin to put the 'stamp' of religiousness** on merciless, heartless brutalities and evil deeds that are committed in the frenzy of religious fanaticism. This is condemnation and blasphemy of religion.

From the viewpoint of humanity too, such evil deeds are regarded as unlawful and sinful.

In this way it is improper and unjustified to term those who commit sins in the fervour of 'religious fanaticism' as religious.

But the sad thing is that instead of criticising these heartless, tyrannical 'irreligious deeds',

L107.13

ਬਜਾਏ 'ਪੁੰਨ', ਨੇਕੀ ਤੇ 'ਸੱਵਾਬ' ਸਮਝ ਕੇ ਅਸੀਂ ਬੜੇ ਜੋਸ਼-ਖਰੋਸ਼ ਨਾਲ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਾਂ ਅਤੇ ਹੋਰਨਾਂ ਨੂੰ ਹਿੱਸਾ ਲੈਣ ਲਈ ਪ੍ਰੇਰਨਾ ਕਰਦੇ ਹਾਂ ।

ਐਸੀ ਅੰਧ-ਕਠੋਰਤਾਈ (Fanaticism) ਹੀ ਸਾਡੀ ਮਜ਼ਹਬੀ 'ਜੀਵਨ-ਸੇਧ' ਬਣ ਚੁਕੀ ਹੈ ।

ਐਸੇ ਹਠ-ਧਰਮੀ ਕੱਟੜਪੁਣੇ ਦੇ ਤਅੱਸੁਬ ਅਤੇ 'ਹੰਗਤਾ' ਦੇ ਸਿਧਾਂਤਾਂ (blind religious fanaticism) ਨੂੰ ਹੀ ਸਲਾਹਿਆ, ਵਡਿਆਇਆ ਅਤੇ ਸਨਮਾਨਿਆ ਜਾ ਰਿਹਾ ਹੈ ।

ਇਸ ਤਰ੍ਹਾਂ ਮਜ਼ਹਬੀ ਤਅੱਸੁਬ ਦੇ ਜੋਸ਼ ਦੀ ਪੂਰਤੀ ਹੀ ਸਾਡਾ 'ਧਰਮ' ਬਣ ਚੁਕਿਆ ਹੈ ।

ਅਸੀਂ ਮਜ਼ਹਬੀ ਤਅੱਸੁਬ ਦੀ ਅਗਨੀ ਦੇ ਭਾਂਬੜ ਮਚਾ ਰਹੇ ਹਾਂ, ਜਿਸ ਦੀ ਲਪੇਟ ਵਿਚ ਸਾਰੀ ਦੁਨੀਆਂ ਸੜ ਰਹੀ ਹੈ । 'ਧਾਰਮਿਕ ਤਅੱਸੁਬ' ਦੀ ਇਹ ਦਸ਼ਾ ਅਤਿ ਨਾਜਾਇਜ਼ ਤੇ ਘਿਰਨਾ-ਯੋਗ ਹੈ, ਜਿਸ ਨੂੰ ਇਉਂ ਦਰਸਾਇਆ ਗਿਆ ਹੈ—

ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ ।
ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ ।...
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ ।
ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ ।
ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ । (ਵਾ.ਭਾ.ਗੁ.੧/੨੧)

ਮਜ਼ਹਬੀ ਤਅੱਸੁਬ ਦੇ ਜ਼ਹਿਰੀਲੇ ਖਿਆਲਾਂ ਅਤੇ ਜੋਸ਼ ਵਿਚ, ਹੋਰਨਾਂ ਧਰਮਾਂ ਦੀ—

ਊਣਤਾਈ
ਛੁਟਿਆਈ
ਨਫ਼ਰਤ
ਨਿਰਾਦਰੀ
ਨਿੰਦਿਆ
ਬਦਨਾਮੀ

ਅਤੇ, ਅਪਣੇ ਧਰਮ ਦੀ—

ਵਿਸ਼ੇਸਤਾ
ਵਡਿਆਈ
ਉਚਿਆਈ

ਦਾ ਪ੍ਰਚਾਰ, 'ਧਰਮ' ਦੇ ਵਾਧੇ ਲਈ ਕੀਤਾ ਜਾਂਦਾ ਹੈ । ਪਰ, ਇਸ ਕਾਰਨ ਸਾਡੇ ਕੱਟੜ ਖਿਆਲਾਂ



we, regarding (these irreligious deeds) to be charity, good and virtuous, participate fully with great enthusiasm and persuade others to participate.

Such blind hard-heartedness or fanaticism indeed has become our religious 'life-direction.

It appears that the tyranny of such dogged-religious extremism and the doctrines of egotism's blind religious fanaticism is indeed being praised, lauded and extolled.

In this way the off-spring of the fervour of religious fanaticism indeed has become our 'religion'.

We are igniting the flames of religious fanaticism in which the whole world is burning. The state of 'religious fanaticism' is unlawful and disgusting. This is how Bhai Gurdas Ji has depicted it -

*There are four castes of Hindus and four sects of Muslims in the world.*
*The members of both religions are selfish, jealous proud, bigoted and violent.......*
*The Hindus invoke Ram, the Muslims, Rahim, but in reality there is only One God.*
*Since they have forgotten the Vedas and the Katebas, worldly greed and devil have led them astray.*
*Truth hidden from both; the brahmins and maulvis kill one another by their animosities.*
*VBG 1/21*

In the grip of religious fundamentalism's poisonous thoughts and enthusiasm, the preaching of the

short comings
smallness
hatred
disrespect
slander
notoriety

of other religions and the

singularity
praise
greatness

of ones religion, is done to enhance the position of their own religion. But, this is the reason why

ਦਾ ਨਤੀਜਾ **ਐਨ ਉਲਟ ਹੁੰਦਾ ਹੈ।**

ਅਸਲ ਵਿਚ. ਅਸੀਂ ਆਪਣੀ ਅਗਿਆਨਤਾ ਦੁਆਰਾ, ਆਪਣੇ ਹੀ ਧਰਮ ਦੀ —

ਨਿਰਾਦਰੀ

ਛੁਟਿਆਈ

ਬਦਨਾਮੀ

ਵਿਰੋਧਤਾ

**ਦਾ ਕਾਰਨ ਆਪ ਹੀ ਬਣਦੇ ਹਾਂ**, ਅਤੇ ਇਸ ਦੇ ਫੈਲਾਉ ਜਾਂ ਸਹੀ ਪ੍ਰਚਾਰ ਵਿਚ ਰੁਕਾਵਟ ਪਾਉਂਦੇ ਹਾਂ।

ਦੂਜੇ ਲਫ਼ਜ਼ਾਂ ਵਿਚ, 'ਤਅੱਸੁਬ' ਦੇ ਜ਼ਹਿਰ ਨਾਲ, **ਦੂਜੇ** ਧਰਮਾਂ ਦੀ ਹੇਠੀ ਤੇ ਵਿਰੋਧ ਕਰਨ ਦੇ ਨਾਲ-ਨਾਲ, ਆਪਣੇ ਧਰਮ ਦੀ ਭੀ ਹੇਠੀ, ਵਿਰੋਧਤਾ ਅਤੇ ਨੁਕਸਾਨ ਦਾ ਕਾਰਨ ਆਪ ਹੀ ਬਣਦੇ ਹਾਂ।

ਨਿਜੀ ਤੌਰ ਤੇ ਤਅੱਸੁਬ ਦੀ ਅਗਨੀ ਨਾਲ ਸਾਡਾ ਆਪਣਾ ਮਨ-ਤਨ ਸੜ-ਬਲ ਕੇ ਕਾਲਾ ਸੁਆਹ ਹੋ ਜਾਂਦਾ ਹੈ, ਜਿਸ ਦੀ ਵਜਾਹ ਨਾਲ—

ਮਨ ਹੋਰ ਮਲੀਨ ਹੋ ਜਾਂਦਾ ਹੈ।

ਮਨ ਵਿਚ ਵੈਰ-ਵਿਰੋਧ ਵਧਦਾ ਹੈ।

ਨਫ਼ਰਤ ਅਤੇ ਬਦਲੇ ਦੇ ਭਾਂਬੜ ਮਚਦੇ ਹਨ।

ਮਨ ਅਸ਼ਾਂਤ ਹੋ ਜਾਂਦਾ ਹੈ।

ਧਾਰਮਿਕ ਤਰੱਕੀ ਵਿਚ ਰੁਕਾਵਟ ਪੈਂਦੀ ਹੈ।

ਆਤਮਿਕ ਤੌਰ ਤੇ ਪਿਛੇ ਮੁੜ ਪੈਂਦੇ ਹਾਂ।

ਇਸ ਤਰ੍ਹਾਂ ਧਾਰਮਿਕ ਅਤੇ **ਆਤਮਿਕ ਤਰੱਕੀ ਦੀ ਬਜਾਏ,** 'ਮਜ਼ਹਬੀ-ਤਅੱਸੁਬ' ਨਾਲ ਸਾਡੀ ਮਾਨਸਿਕ ਸੇਧ ਦਾ 'ਰੁਖ', ਬਿਲਕੁਲ ਉਲਟ ਕੇ **ਰਸਾਤਲ ਵਲ ਮੁੜ ਜਾਂਦਾ ਹੈ** ਅਤੇ ਸਾਡੀ ਪਿਛਲੀ ਭਗਤੀ ਦੀ ਕਮਾਈ ਅਤੇ ਚੰਗੇ ਕਰਮ ਨਾਸ ਹੋ ਜਾਂਦੇ ਹਨ।

ਦੂਜੇ ਲਫ਼ਜ਼ਾਂ ਵਿਚ **ਮਜ਼੍ਹਬੀ ਤਅੱਸੁਬ ਦੇ ਜੋਸ਼ ਦਾ ਭਿਆਨਕ ਨਤੀਜਾ 'ਮੁੜ ਕੇ', ਸਾਡੇ ਆਪਣੇ ਉਤੇ ਹੀ ਪੈਂਦਾ ਹੈ** (boomerang) ਅਤੇ ਸਾਡੀ ਮਾਨਸਿਕ ਅਤੇ ਆਤਮਿਕ ਤਰੱਕੀ ਸਿਰਫ਼ ਰੁਕਦੀ ਹੀ ਨਹੀਂ, ਬਲਕਿ **'ਪਿਛਲ-ਖੋਰੀ'** (Backgear) ਮੁੜ ਪੈਂਦੀ ਹੈ।

ਇਸ ਨੁਕਤੇ ਨੂੰ ਅੰਗਰੇਜ਼ੀ ਵਿਚ ਇਉਂ ਦਰਸਾਇਆ ਜਾ ਸਕਦਾ ਹੈ—

**When our minds are galvanized and aggrandised with wrong**



the result of our extremist views is totally the opposite.

The truth is, through our ignorance, we become the very cause of

disrespect

smallness

disgrace

confrontation

of our own religion and in the process create a disruption in its growth or true preaching.

In other words, with the poison of extremism, through insulting and confronting other religions we become the very cause of insult, confrontation and destruction of our own religion.

Personally, with the fire of extremism, our own mind-body, getting burnt and singed, becomes pitch black with the result that –

the mind to become even more impure.

hatred and confrontation in the mind increases.

the flames of hatred and revenge light up.

the mind becomes agitated.

religious progress is arrested.

from the spiritual point of view regression takes place.

In this way, with 'religious fanaticism', instead of religious and spiritual progress, the direction of our mental inclination totally reverses itself, to take a turn towards hell and the earnings of our past devotion or worship together with the virtuous deeds get destroyed.

In other words the disastrous result of religious extremism boomerangs onto ourselves and our mental and spiritual progress not only gets arrested, instead it shifts into back-gear.

This point can be expressed in English as follows –

When our minds are galvanized and aggrandised with wrong

religious dogmas and convictions—we become 'bigots'—to the point of fanaticism. Thus, when our 'Ego' puts on the robe of Religion—woe to the Humanity ! It plays havoc with the humanity and makes a 'mockery' of Religion ! In our blind religious zeal, we have perpetrated untold sufferings and cruelty on humanity in the name of Religion, and crucified many Godly saints and prophets.

(ਚਲਦਾ............)

▷◁



religious dogmas and convictions – we become 'bigots' – to the point of fanaticism. Thus, when our 'Ego' puts on the robe of Religion – woe to the Humanity! It plays havoc with the humanity and makes a 'mockery' of religion! In our blind religious zeal, we have perpetrated untold sufferings and cruelty on humanity in the name of religion, and crucified Godly saints and prophets.

(Continue...Lekh 108)